بِسۡمِ اللّٰہِ الرَّحۡمٰنِ الرَّحِیۡمِ نَحۡمَدُہٗ وَ نُصَلِّیۡ عَلٰی رَسُوۡلِہِ الۡکَرِیۡمِ وَعَلٰی عَبۡدِہِ الۡمَسِیۡحِ الۡمَوۡعُوۡد

لَا اِلٰہَ اِلَّا اللّٰہُ مُحَمَّدٌ رَّسُوۡلُ اللّٰہِ

دفتر مجلس انصار اللہ بھارت

Office Of The Majlis Ansarullah Bharat

Mohallah Ahmadiyya Qadian-143516, Distt.Gurdaspur (Punjab) INDIA

Mob: +919682536974, E-Mail: ansarullah@qadian.in ਮੁਹੱਲਾ ਅਹਮਦੀਆ ਕਾਦੀਆਂ,ਜ਼ਿਲ੍ਹਾ ਗੁਰਦਾਸਪੁਰ (ਪੰਜਾਬ)

# ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਦੀ ਇਬਾਦਤਿ ਇਲਾਹੀ ਦਾ ਦਿਲਨਸ਼ੀਨ ਅਤੇ ਇਮਾਨ ਅਫ਼ਰੋਜ਼ ਤਜ਼ਕਿਰਾ

ਸੰਖੇਪ ਵਿਵਰਨ ਖ਼ੁਤਬਾ ਜੁਮਆ ਹਜ਼ਰਤ ਮਿਰਜ਼ਾ ਮਸਰੂਰ ਅਹਮਦ ਖ਼ਲੀਫ਼-ਤੁਲ-ਮਸੀਹ ਅਲ-ਖ਼ਾਮਿਸ ਅੱਯਦਾਹੁੱਲਾਹੁ ਤਆਲਾ ਬਿਨਸ੍-ਰਿਹਿਲ੍ ਅਜ਼ੀਜ਼, 06 ਫ਼ਰਵਰੀ 2026 ਈ:, ਮਸਜਿਦ ਮੁਬਾਰਕ, ਇਸਲਾਮਾਬਾਦ ਟਿਲਫ਼ੋਰਡ, ਯੂ.ਕੇ.

أَشْهَدُ أَنْ لَّآ إِلٰهَ إِلَّا اللّٰهُ وَحْدَهٗ لَا شَرِيْكَ لَهٗ وَأَشْهَدُ أَنَّ مُحَمَّدًا عَبْدُهٗ وَرَسُوْلُهٗ ۞ أَمَّا بَعْدُ فَأَعُوْذُ بِاللّٰهِ مِنَ الشَّيْطٰنِ الرَّجِيْمِ ۞ بِسْمِ اللّٰهِ الرَّحْمٰنِ الرَّحِيْمِ ۞ أَلْحَمْدُ لِلّٰهِ رَبِّ الْعٰلَمِيْنَ ۞ أَلرَّحْمٰنِ الرَّحِيْمِ ۞ مٰلِكِ يَوْمِ الدِّيْنِ ۞ إِيَّاكَ نَعْبُدُ وَإِيَّاكَ نَسْتَعِيْنُ ۞ إِهْدِنَا الصِّرَاطَ الْمُسْتَقِيْمَ ۞ صِرَاطَ الَّذِيْنَ أَنْعَمْتَ عَلَيْهِمْ ۙ غَيْرِ الْمَغْضُوْبِ عَلَيْهِمْ وَلَا الضَّآلِّيْنَ ۞

**ਤਸ਼ੱਹੁਦ**, **ਤਅੱਵੁਜ਼** ਅਤੇ **ਸੂਰਤ ਫ਼ਾਤਿਹਾ** ਦੀ ਤਿਲਾਵਤ ਤੋਂ ਬਾਅਦ ਹਜ਼ੂਰ ਅਨਵਰ ਅੱਯਦਾ ਹੁੱਲਾਹੁ ਤਆਲਾ ਬਿਨਸ੍-ਰਿਹਿਲ੍ ਅਜ਼ੀਜ਼ ਨੇ ਫ਼ਰਮਾਇਆ ਜਿਵੇਂ ਕਿ ਅੱਲਾਹ ਤਆਲਾ ਨੇ ਸਾਨੂੰ ਫ਼ਰਮਾਇਆ ਹੈ ਕਿ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਸਾਡੇ ਲਈ ਬਿਹਤਰੀਨ ਉਸਵਃ ਹਨ ਅਤੇ ਹਰ ਮਾਮਲੇ ਵਿੱਚ ਬਿਹਤਰੀਨ ਉਸਵਃ ਹਨ। ਪਿਛਲੇ ਖ਼ੁਤਬਿਆਂ ਵਿੱਚ ਆਪ ﷺ ਦੀ ਮੁਹੱਬਤਿ ਇਲਾਹੀ ਦਾ ਜ਼ਿਕਰ ਹੋ ਰਿਹਾ ਸੀ। **ਇਬਾਦਤ** ਮੁਹੱਬਤਿ ਇਲਾਹੀ ਦੇ ਬਗ਼ੈਰ ਨਹੀਂ ਹੋ ਸਕਦੀ ਅਤੇ **ਮੁਹੱਬਤਿ ਇਲਾਹੀ** ਇਬਾਦਤ ਦੇ ਬਗ਼ੈਰ ਨਹੀਂ ਹੋ ਸਕਦੀ। ਜੇਕਰ ਅੱਲਾਹ ਤਆਲਾ ਦੀ ਮੁਹੱਬਤ ਨਾ ਹੋਵੇ ਤਾਂ ਹਕ਼ੀਕ਼ੀ ਇਬਾਦਤ ਹੋ ਹੀ ਨਹੀਂ ਸਕਦੀ। ਅੱਜ ਇਸੇ ਬਾਰੇ ਕੁੱਝ ਹੋਰ ਬਿਆਨ ਕਰਾਂਗਾ।

ਅੱਲਾਹ ਤਆਲਾ ਨੇ ਆਪ ﷺ ਦੇ ਮਿਆਰਿ ਮੁਹੱਬਤ ਨੂੰ ਕ਼ੁਰਆਨ ਕਰੀਮ ਵਿੱਚ ਇਸ ਤਰ੍ਹਾਂ ਬਿਆਨ ਫ਼ਰਮਾਇਆ قُلۡ اِنَّ صَلَاتِیۡ وَ نُسُکِیۡ وَ مَحۡیَایَ وَ مَمَاتِیۡ لِلّٰہِ رَبِّ الۡعٰلَمِیۡنَ ਤੂੰ ਕਹਿ ਦੇ ਕਿ ਮੇਰੀਆਂ **ਇਬਾਦਤਾਂ** ਅਤੇ ਮੇਰੀਆਂ **ਕੁਰਬਾਨੀਆਂ** ਅਤੇ ਮੇਰਾ **ਜੀਣਾ** ਅਤੇ ਮੇਰਾ **ਮਰਨਾ** ਅੱਲਾਹ ਹੀ ਦੇ ਲਈ ਹੈ ਜਿਹੜਾ ਤਮਾਮ ਜਹਾਨਾਂ ਦਾ ਪਾਲਨਹਾਰ ਹੈ। ਅੱਲਾਹ ਤਆਲਾ ਨੇ ਆਪ ﷺ ਨੂੰ ਇਹ ਐਲਾਨ ਕਰਨ ਦਾ ਕਹਿ ਕੇ ਸਾਨੂੰ ਵੀ ਇਨ੍ਹਾਂ ਮਿਆਰਾਂ ਨੂੰ ਹਾਸਿਲ ਕਰਨ ਵੱਲ ਤਵੱਜੋ ਦਵਾਈ ਹੈ।

ਹਜ਼ੂਰ ਅਨਵਰ ਨੇ ਫ਼ਰਮਾਇਆ: ਇਬਾਦਤ ਦੇ ਬਾਰੇ ਕ਼ੁਰਆਨ ਕਰੀਮ ਵਿੱਚ ਅੱਲਾਹ ਤਆਲਾ ਨੇ ਆਪ ﷺ ਦੇ ਜ਼ਰੀਏ ਸਾਨੂੰ ਬੇ-ਸ਼ੁਮਾਰ ਹੁਕਮ ਬਿਆਨ ਫ਼ਰਮਾਏ ਹਨ। ਫ਼ਰਮਾਇਆ: وَمَا خَلَقۡتُ الۡجِنَّ وَ الۡاِنۡسَ اِلَّا لِیَعۡبُدُوۡنِ ਅਤੇ ਮੈਂ ਜਿੰਨਾਂ ਅਤੇ ਇਨਸਾਨਾਂ ਨੂੰ ਪੈਦਾ ਨਹੀਂ ਕੀਤਾ ਪਰ ਇਸ **ਮਕ਼ਸਦ** ਨਾਲ ਕਿ ਉਹ ਮੇਰੀ ਇਬਾਦਤ ਕਰਨ।

ਫਿਰ ਇੱਕ ਜਗ੍ਹਾ ਫ਼ਰਮਾਇਆ: یٰۤاَیُّهَا النَّاسُ اعۡبُدُوۡا رَبَّکُمُ الَّذِیۡ خَلَقَکُمۡ وَ الَّذِیۡنَ مِنۡ قَبۡلِکُمۡ لَعَلَّکُمۡ تَتَّقُوۡنَ ਐ ਲੋਕੋ! ਆਪਣੇ ਰੱਬ ਦੀ ਇਬਾਦਤ ਕਰੋ ਜਿਸ ਨੇ ਤੁਹਾਨੂੰ ਪੈਦਾ ਕੀਤਾ ਅਤੇ ਉਨ੍ਹਾਂ ਨੂੰ ਵੀ ਜਿਹੜੇ ਤੁਹਾਡੇ ਤੋਂ ਪਹਿਲਾਂ ਸਨ ਤਾਂ ਜੋ ਤੁਸੀਂ **ਤਕ਼ਵਾ** ਇਖ਼ਤਿਆਰ ਕਰੋ। ਬਸ ਅੱਲਾਹ ਤਆਲਾ ਦੀ ਨੇੜਤਾ ਹਾਸਿਲ ਕਰਨ ਅਤੇ ਤਕ਼ਵਾ ਇਖ਼ਤਿਆਰ ਕਰਨ ਦੇ ਲਈ ਜ਼ਰੂਰੀ ਹੈ ਕਿ ਅੱਲਾਹ ਤਆਲਾ ਦੀ ਇਬਾਦਤ ਕੀਤੀ ਜਾਵੇ ਅਤੇ ਇਬਾਦਤ ਦੇ ਮਿਆਰ ਨੂੰ ਹੋਰ ਬੁਲੰਦ ਕੀਤਾ ਜਾਵੇ।

ਹਜ਼ੂਰ ਅਨਵਰ ਨੇ ਫ਼ਰਮਾਇਆ: ਆਪ ﷺ ਨੇ ਜਦ ਇਹ ਹੁਕਮ ਸਾਨੂੰ ਦਿੱਤੇ ਤਾਂ ਇਸਦੀ ਇੰਤਿਹਾ ਵੀ ਆਪਣੇ ਅਮਲ ਨਾਲ ਕਰਕੇ ਦਿਖਾਈ ਅਤੇ ਫਿਰ ਸਾਨੂੰ ਤਵੱਜੋ ਦਵਾਈ ਕਿ ਹਕ਼ੀਕ਼ੀ ਆਗਿਆਕਾਰੀ ਅਤੇ ਪੈਰਵੀ ਤਾਂ ਤਦ ਹੀ ਪੂਰੀ ਹੋਵੇਗੀ ਜਦ ਅਸੀਂ ਆਪਣੇ ਆਪ ਨੂੰ ਇਸ ਮਿਆਰ ‘ਤੇ ਲਿਆਉਣ ਦੀ ਕੋਸ਼ਿਸ਼ ਕਰਾਂਗੇ। ਆਪ ﷺ ਦੀਆਂ ਉਹ ਦੁਆਵਾਂ ਜਿਹੜੀਆਂ ਆਪ ﷺ ਨੇ ਆਪਣੀ ਉੱਮਤ ਦੇ ਲਈ ਕੀਤੀਆਂ ਹਨ ਤਦ ਹੀ ਸਾਨੂੰ ਆਪਣੀ ਲਪੇਟ ਵਿੱਚ

ਲੈਣਗੀਆਂ ਅਤੇ ਸਾਡੇ ਲਈ ਫ਼ਾਇਦੇ ਮੰਦ ਹੋਣਗੀਆਂ ਜਦ ਅਸੀਂ ਆਪ ﷺ ਦੇ ਉਸਵੇ ਅਤੇ ਹੁਕਮਾਂ ਨੂੰ ਹਮੇਸ਼ਾ ਅੱਖਾਂ ਸਾਹਮਣੇ ਰੱਖ ਕੇ ਅਮਲੀ ਕੋਸ਼ਿਸ਼ ਕਰਾਂਗੇ।

ਹਜ਼ੂਰ ਅਨਵਰ ਨੇ ਫ਼ਰਮਾਇਆ: ਕੁੱਝ ਮਿਸਾਲਾਂ ਪੇਸ਼ ਕਰਦਾ ਹਾਂ। ਇੱਕ ਰਿਵਾਇਤ ਵਿੱਚ ਆਉਂਦਾ ਹੈ ਕਿ ਹਜ਼ਰਤ ਆਇਸ਼ਾ ਰਜ਼ਿ ਅੱਲਾਹੁ ਅਨਹਾ ਬਿਆਨ ਕਰਦੀ ਹਨ ਕਿ ਨਬੀ ਕਰੀਮ ﷺ ਨੇ ਇੱਕ ਅਜਿਹੀ ਚਾਦਰ ਉੱਤੇ ਨਮਾਜ਼ ਪੜ੍ਹੀ ਜਿਸ ਵਿੱਚ **ਨਕ਼ਸ਼** ਸਨ। ਆਪ ﷺ ਨੇ ਉਸ ਦੇ ਨਕ਼ਸ਼ਾਂ ਨੂੰ ਇੱਕ ਨਜ਼ਰ ਦੇਖਿਆ। ਜਦ ਆਪ ﷺ ਨਮਾਜ਼ ਪੜ੍ਹ ਚੁੱਕੇ ਤਾਂ ਫ਼ਰਮਾਇਆ: ਮੇਰੀ ਇਹ ਚਾਦਰ ਅਬੂ ਜਹਮ ਦੇ ਕੋਲ਼ ਲੈ ਜਾਓ ਅਤੇ ਉਸਦੀ **ਸਾਦੀ** ਯਾਨੀ ਬਗ਼ੈਰ ਨਕ਼ਸ਼ ਵਾਲ਼ੀ ਚਾਦਰ ਲੈ ਆਓ ਕਿਉਂਕਿ ਇਸ ਨਕ਼ਸ਼ਦਾਰ ਚਾਦਰ ਨੇ ਹੁਣੇ ਮੇਰੀ ਨਮਾਜ਼ ਵਿੱਚ ਮੇਰੀ ਤਵੱਜੋ ਹਟਾ ਦਿੱਤੀ ਸੀ।

ਹਜ਼ਰਤ ਜਅਫ਼ਰ ਬਿਨ ਮੁਹੰਮਦ ਰਜ਼ਿ ਅੱਲਾਹੁ ਅਨਹੁ ਆਪਣੇ ਵਾਲਿਦ ਤੋਂ ਰਿਵਾਇਤ ਕਰਦੇ ਹਨ ਕਿ ਅਸੀਂ ਹਜ਼ਰਤ ਆਇਸ਼ਾ ਰਜ਼ਿ ਅੱਲਾਹੁ ਅਨਹਾ ਕੋਲੋਂ ਪੁੱਛਿਆ ਕਿ ਆਪ ਦੇ ਘਰ ਵਿੱਚ ਰਸੂਲੁੱਲਾਹ ﷺ ਦਾ ਬਿਸਤਰਾ ਕੈਸਾ ਹੁੰਦਾ ਸੀ ਤਾਂ ਆਪ ਰਜ਼ਿ ਅੱਲਾਹੁ ਅਨਹਾ ਨੇ ਫ਼ਰਮਾਇਆ: **ਚਮੜੇ** ਦਾ ਸੀ, ਉਸ ਵਿੱਚ **ਖਜੂਰ** ਦੇ ਰੇਸ਼ੇ ਭਰੇ ਹੁੰਦੇ ਸਨ। ਹਜ਼ਰਤ ਹਫ਼ਸਾ ਰਜ਼ਿ ਅੱਲਾਹੁ ਅਨਹਾ ਕੋਲੋਂ ਪੁੱਛਿਆ ਗਿਆ ਕਿ ਆਪ ਦੇ ਘਰ ਵਿੱਚ ਰਸੂਲੁੱਲਾਹ ﷺ ਦਾ ਬਿਸਤਰਾ ਕੈਸਾ ਸੀ। ਆਪ ਰਜ਼ਿ ਅੱਲਾਹੁ ਅਨਹਾ ਨੇ ਫ਼ਰਮਾਇਆ: ਕਿ **ਪਸ਼ਮ** ਦਾ ਸੀ ਅਤੇ ਅਸੀਂ ਉਸ ਦੀਆਂ ਦੋ ਤੈਹਾਂ ਲਾ ਦਿੱਤੀਆਂ ਸਨ। ਹਜ਼ੂਰ ﷺ ਉਸ ‘ਤੇ ਸੌਂਦੇ ਸਨ। ਇੱਕ ਰਾਤ ਮੈਂ ਸੋਚਿਆ ਕਿ ਕਿਉਂ ਨਾ ਉਸ ਦੀਆਂ ਚਾਰ ਤੈਹਾਂ ਲਾ ਦੇਵਾਂ ਤਾਂ ਜੋ ਇਹ ਜ਼ਿਆਦਾ ਨਰਮ ਹੋ ਜਾਵੇ। ਚੁਨਾਂਚਿ ਅਸੀਂ ਉਸ ਦੀਆਂ ਚਾਰ ਤੈਹਾਂ ਲਾ ਦਿੱਤੀਆਂ। ਜਦ ਸਵੇਰ ਹੋਈ ਤਾਂ ਆਪ ﷺ ਨੇ ਫ਼ਰਮਾਇਆ ਤੂੰ ਰਾਤ ਨੂੰ ਕੀ ਵਿਛਾਇਆ ਸੀ? ਮੈਂ ਅਰਜ਼ ਕੀਤਾ ਕਿ ਆਪ ﷺ ਦਾ ਹੀ ਬਿਸਤਰਾ ਸੀ ਸਿਰਫ਼ ਅਸੀਂ ਉਸ ਦੀਆਂ ਚਾਰ ਤੈਹਾਂ ਲਾ ਦਿੱਤੀਆਂ ਸਨ ਤਾਂ ਜੋ ਉਹ ਆਪ ﷺ ਦੇ ਲਈ ਜ਼ਿਆਦਾ ਆਰਾਮ ਦਿਹ ਹੋ ਜਾਵੇ। ਆਪ ﷺ ਨੇ ਫ਼ਰਮਾਇਆ: ਇਸ ਨੂੰ ਪਹਿਲਾਂ ਜਿਹਾ ਕਰ ਦਿਓ ਕਿਉਂਕਿ ਇਸ ਦੀ ਜ਼ਿਆਦਾ ਨਰਮੀ ਮੇਰੇ ਲਈ ਰਾਤ ਦੀ ਨਮਾਜ਼ ਵਿੱਚ ਰੋਕ ਬਣ ਰਹੀ ਸੀ।

ਹਜ਼ਰਤ ਮਆਜ਼ ਬਿਨ ਜਬਲ ਰਜ਼ਿ ਅੱਲਾਹੁ ਅਨਹੁ ਬਿਆਨ ਕਰਦੇ ਹਨ ਕਿ ਮੈਂ ਸਵਾਰੀ ‘ਤੇ ਨਬੀ ਸੱਲ-ਲੱਲਾਹੁ ਅਲੈਹਿ-ਵਸੱਲਮ ਦੇ ਪਿੱਛੇ ਬੈਠਾ ਹੋਇਆ ਸੀ। ਆਪ ﷺ ਨੇ ਫ਼ਰਮਾਇਆ: ਐ ਮਆਜ਼ ਬਿਨ ਜਬਲ! ਮੈਂ ਕਿਹਾ ਮੈਂ ਹਾਜ਼ਰ ਹਾਂ, ਯਾ ਰਸੂਲੁੱਲਾਹ ﷺ ਅਤੇ ਇਹ ਮੇਰੀ ਸਆਦਤ ਹੈ। ਆਪ ﷺ ਨੇ ਫ਼ਰਮਾਇਆ: ਕੀ ਤੂੰ ਜਾਣਦਾ ਹੈਂ ਕਿ ਅੱਲਾਹ ਦਾ **ਬੰਦਿਆਂ** ‘ਤੇ ਕੀ ਹੱਕ਼ ਹੈ? ਮੈਂ ਕਿਹਾ ਅੱਲਾਹ ਅਤੇ ਉਸਦਾ ਰਸੂਲ ਜ਼ਿਆਦਾ ਜਾਣਦੇ ਹਨ। ਆਪ ﷺ ਨੇ ਫ਼ਰਮਾਇਆ: ਅੱਲਾਹ ਦਾ ਬੰਦਿਆਂ ‘ਤੇ ਇਹ ਹੱਕ਼ ਹੈ ਕਿ ਉਹ ਉਸ ਦੀ ਇਬਾਦਤ ਕਰਨ ਅਤੇ ਕਿਸੇ ਨੂੰ ਉਸ ਦਾ ਸ਼ਰੀਕ ਨਾ ਬਣਾਉਣ। ਫਿਰ ਆਪ ﷺ ਕੁੱਝ ਦੇਰ ਚੱਲੇ ਅਤੇ ਫ਼ਰਮਾਇਆ: ਐ ਮਆਜ਼ ਬਿਨ ਜਬਲ! ਮੈਂ ਕਿਹਾ **ਲੱਬੈਕ**, ਯਾ ਰਸੂਲੁੱਲਾਹ ﷺ ਇਹ ਮੇਰੀ ਸਆਦਤ ਹੈ। ਆਪ ﷺ ਨੇ ਫ਼ਰਮਾਇਆ: ਕੀ ਤੂੰ ਜਾਣਦਾ ਹੈਂ ਕਿ ਬੰਦਿਆਂ ਦਾ **ਅੱਲਾਹ** ‘ਤੇ ਕੀ ਹੱਕ਼ ਹੈ? ਮੈਂ ਕਿਹਾ ਅੱਲਾਹ ਅਤੇ ਉਸਦਾ ਰਸੂਲ ਬਿਹਤਰ ਜਾਣਦੇ ਹਨ। ਆਪ ﷺ ਨੇ ਫ਼ਰਮਾਇਆ: ਇਹ ਹੈ ਕਿ ਉਹ ਬੰਦਿਆਂ ਨੂੰ **ਅਜ਼ਾਬ** ਨਾ ਦੇਵੇ।

ਹਜ਼ਰਤ ਮਸੀਹ ਮੌਊਦ ਅਲੈਹਿੱਸ੍ ਸਲਾਤੋ ਵੱਸ੍-ਸਲਾਮ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਦੀ ਸ਼ਾਨ ਵਿੱਚ ਫ਼ਰਮਾਉਂਦੇ ਹਨ: ਜਿਸ ਤਰ੍ਹਾਂ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਕ਼ੁਰਆਨ ਸ਼ਰੀਫ਼ ਦੇ ਪ੍ਰਚਾਰ ਅਤੇ ਪ੍ਰਸਾਰ ਦੇ ਲਈ ਭੇਜੇ ਗਏ ਸਨ ਐਸਾ ਹੀ ਸੁੰਨਤ ਨੂੰ ਕ਼ਾਇਮ ਕਰਨ ਦੇ ਲਈ ਵੀ ਭੇਜੇ ਗਏ ਸਨ। ਬਸ ਜਿਵੇਂ ਕਿ ਕ਼ੁਰਆਨ ਸ਼ਰੀਫ਼ ਯਕ਼ੀਨੀ ਹੈ ਅਜਿਹੀ ਹੀ **ਸੁੰਨਤਿ ਮਾਅਮੂਲਾ ਮੁਤਵਾਤਿਰਾ** (ਜਿਸ ਸੁੰਨਤ ਦੀ ਨਿਰੰਤਰਤਾ ਦਾ ਸਿਲਸਿਲਾ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਤੋਂ ਚੱਲਦਾ ਆ ਰਿਹਾ ਹੋਵੇ) ਵੀ ਯਕ਼ੀਨੀ ਹੈ। ਇਹ ਦੋਵੇਂ ਖ਼ਿਦਮਤਾਂ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਆਪਣੇ ਹੱਥ ਨਾਲ਼ ਕੀਤੀਆਂ ਅਤੇ ਦੋਹਾਂ ਨੂੰ ਆਪਣਾ ਫ਼ਰਜ਼ ਸਮਝਿਆ। ਉਦਾਹਰਣ ਵੱਜੋਂ ਜਦ ਨਮਾਜ਼ ਦੇ ਲਈ ਹੁਕਮ ਹੋਇਆ ਤਾਂ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਖ਼ੁਦਾ ਤਆਲਾ ਦੇ ਇਸ ਕ਼ੌਲ ਨੂੰ ਆਪਣੇ ਅਮਲ ਨਾਲ਼ ਖੋਲ੍ਹ ਕੇ ਦਿਖਾ ਦਿੱਤਾ ਅਤੇ ਅਮਲੀ ਰੰਗ ਵਿੱਚ ਜ਼ਾਹਿਰ ਕਰ ਦਿੱਤਾ ਕਿ ਫ਼ਜਰ ਦੀ

ਨਮਾਜ਼ ਦੀਆਂ ਇਹ **ਰਕਅਤਾਂ** ਹਨ ਅਤੇ ਮਗ਼ਰਿਬ ਦੀਆਂ ਇਹ ਅਤੇ ਬਾਕ਼ੀ ਨਮਾਜ਼ਾਂ ਦੇ ਲਈ ਇਹ ਰਕਅਤਾਂ ਹਨ। ਅਜਿਹਾ ਹੀ ਹੱਜ ਕਰਕੇ ਦਿਖਾਇਆ ਅਤੇ ਫਿਰ ਆਪਣੇ ਹੱਥ ਨਾਲ਼ ਹਜ਼ਾਰਾਂ ਸਹਾਬਾ ਨੂੰ ਇਸ ਕੰਮ ਦਾ ਪਾਬੰਦ ਕਰਕੇ ਨਿਰੰਤਰਤਾ ਦਾ ਸਿਲਸਿਲਾ ਬੜੇ ਜ਼ੋਰ ਨਾਲ਼ ਕ਼ਾਇਮ ਕਰ ਦਿੱਤਾ।

ਹਜ਼ਰਤ ਮੁਸਲਿਹ ਮੌਊਦ ਰਜ਼ਿ ਅੱਲਾਹੁ ਅਨਹੁ ਤਹੱਜੁਦ ਦੇ ਬਾਰੇ ਬਿਆਨ ਫ਼ਰਮਾਉਂਦੇ ਹਨ ਕਿ ਰਸੂਲੁੱਲਾਹ ﷺ ਨੂੰ ਇਨ੍ਹਾਂ **ਨਫ਼ਲਾਂ** ਦਾ ਇੰਨਾ ਖ਼ਿਆਲ ਸੀ ਕਿ ਬਾਵਜੂਦ ਇਨ੍ਹਾਂ ਦੇ ਨਫ਼ਲ ਹੋਣ ਦੇ, ਲੋਕਾਂ ਨੂੰ ਫ਼ਿਕਰ ਨਾਲ਼ ਦੇਖਦੇ ਸਨ ਕਿ ਸਹਾਬਾ ਵਿੱਚੋਂ ਕੌਣ ਇਹ ਨਫ਼ਲ ਪੜ੍ਹਦਾ ਹੈ। ਸ਼ਹਿਰ ਦੀਆਂ ਗਲੀਆਂ ਵਿੱਚ, ਸੜਕਾਂ ‘ਤੇ ਫਿਰਦੇ ਸਨ ਤਾਂ ਜੋ ਪਤਾ ਕਰਨ ਕਿ ਲੋਕਾਂ ਵਿੱਚੋਂ ਕੌਣ ਕੌਣ ਨਹੀਂ ਪੜ੍ਹਦਾ। ਹਜ਼ੂਰ ਅਨਵਰ ਨੇ ਫ਼ਰਮਾਇਆ ਕਿ ਅੱਜ ਕੱਲ ਜੇਕਰ ਕਿਸੇ ਤੋਂ ਪੁੱਛ ਲਿਆ ਜਾਵੇ ਕਿ ਕਿੰਨੀਆਂ ਨਮਾਜ਼ਾਂ ਪੜ੍ਹਦੇ ਹੋ ਤਾਂ ਲੋਕ ਨਾਰਾਜ਼ ਹੋ ਜਾਂਦੇ ਹਨ ਕਿ ਇਹ ਸਾਡਾ ਨਿੱਜੀ ਮਾਮਲਾ ਹੈ। ਪਰ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਤਾਂ ਆਪ **ਤਹੱਜੁਦ** ਦੀ ਨਮਾਜ਼ ਦਾ ਵੀ ਜਾਇਜ਼ਾ ਲਿਆ ਕਰਦੇ ਸਨ।

ਇੱਕ ਵਾਰ ਇੱਕ ਮਜਲਿਸ ਵਿੱਚ ਹਜ਼ਰਤ ਅਬਦੁੱਲਾਹ ਬਿਨ ਉਮਰ ਰਜ਼ਿ ਅੱਲਾਹੁ ਅਨਹੁ ਦਾ ਜ਼ਿਕਰ ਆਇਆ ਤਾਂ ਆਪ ﷺ ਨੇ ਫ਼ਰਮਾਇਆ ਆਦਮੀ ਤਾਂ ਬਹੁਤ ਚੰਗਾ ਹੈ ਬ-ਸ਼ਰਤਿ-ਕੇ ਤਹੱਜੁਦ ਪੜ੍ਹੇ। ਫਿਰ ਆਪ ﷺ ਨੇ ਫ਼ਰਮਾਇਆ ਕਿ ਅੱਲਾਹ ਇਸ ਦੁਨੀਆ ਵਿੱਚ ਉਸ **ਪਤੀ** ਅਤੇ **ਪਤਨੀ** ‘ਤੇ ਰਹਿਮ ਕਰੇ। ਜੇਕਰ ਰਾਤ ਨੂੰ ਪਤੀ ਦੀ ਅੱਖ ਖੁਲ੍ਹੇ ਤਾਂ ਉੱਠ ਕੇ ਤਹੱਜੁਦ ਪੜ੍ਹੇ, ਪਤਨੀ ਨੂੰ ਉਹ ਜਗਾਵੇ ਕਿ ਤੂੰ ਵੀ ਉੱਠ ਕੇ ਤਹੱਜੁਦ ਪੜ੍ਹ। ਜੇਕਰ ਉਹ ਨਾ ਜਾਗੇ ਤਾਂ ਉਸਦੇ ਮੂੰਹ ‘ਤੇ ਪਾਣੀ ਦਾ ਛਿੱਟੇ ਮਾਰੇ ਅਤੇ ਜਗਾਵੇ। ਇਸੇ ਤਰ੍ਹਾਂ ਜੇਕਰ ਪਤਨੀ ਦੀ ਅੱਖ ਖੁਲ੍ਹੇ ਤਾਂ ਖ਼ੁਦ ਵੀ ਤਹੱਜੁਦ ਪੜ੍ਹੇ ਅਤੇ ਪਤੀ ਨੂੰ ਵੀ ਜਗਾਵੇ ਅਤੇ ਜੇਕਰ ਉਹ ਨਾ ਜਾਗੇ ਤਾਂ ਉਸਦੇ ਮੂੰਹ ‘ਤੇ ਪਾਣੀ ਦੇ ਛਿੱਟੇ ਮਾਰੇ।

ਹਜ਼ੂਰ ਅਨਵਰ ਨੇ ਫ਼ਰਮਾਇਆ: ਨਮਾਜ਼ ਵਿੱਚ ਰਿੱਕ਼ਤ (ਵਿਰਲਾਪ ਦੀ ਅਵਸਥਾ) ਤਾਰੀ ਹੋਣਾ ਵੀ ਬਹੁਤ ਜ਼ਰੂਰੀ ਹੈ। ਇਸ ਦੇ ਲਈ ਵੀ ਇਨਸਾਨ ਨੂੰ ਕੋਸ਼ਿਸ਼ ਕਰਨੀ ਚਾਹੀਦੀ ਹੈ। ਇਸ ਦੇ ਲਈ ਹਜ਼ਰਤ ਮਸੀਹ ਮੌਊਦ ਅਲੈਹਿੱਸ੍ ਸਲਾਤੋ ਵੱਸ੍-ਸਲਾਮ ਨੇ ਇੱਕ ਨੁਸਖ਼ਾ ਇਹ ਵੀ ਦੱਸਿਆ ਕਿ ਨਮਾਜ਼ ਵਿੱਚ ਆਪਣੀ ਸ਼ਕਲ ਰੋਣ ਹਾਕੀ ਬਣਾ ਲਓ ਤਾਂ ਇਸ ਜ਼ਾਹਿਰੀ ਹਾਲਤ ਨਾਲ਼ ਵੀ ਦਿਲ ‘ਤੇ ਅਸਰ ਪੈਂਦਾ ਹੈ ਅਤੇ ਫਿਰ ਇਨਸਾਨ ਦਾ ਵੀ ਰੋਣਾ ਨਿਕਲ਼ ਜਾਂਦਾ ਹੈ।

ਨਬੀ ਕਰੀਮ ﷺ ਸੌਣ ਵੇਲ਼ੇ ਆਯਤੁਲ੍ ਕੁਰਸੀ, ਸੂਰਤ ਅਲ-ਇਖ਼ਲਾਸ, ਸੂਰਤ ਅਲ-ਫ਼ਲਕ਼, ਸੂਰਤ ਅੱਨ੍-ਨਾਸ ਜਿਹੜੀਆਂ ਕ਼ੁਰਆਨ ਕਰੀਮ ਦੀਆਂ ਆਖ਼ਰੀ ਤਿੰਨ ਸੂਰਤਾਂ ਹਨ, ਤਿੰਨ ਵਾਰ ਪੜ੍ਹ ਕੇ ਹੱਥਾਂ ‘ਤੇ ਫੂਕਦੇ ਅਤੇ ਫਿਰ ਹੱਥ ਆਪਣੇ ਜਿਸਮ ਮੁਬਾਰਕ ‘ਤੇ ਫੇਰ ਲੈਂਦੇ। ਇਸ ਤਰ੍ਹਾਂ ਫੇਰਦੇ ਕੇ ਸਿਰ ਤੋਂ ਸ਼ੁਰੂ ਕਰਦੇ ਅਤੇ ਜਿੱਥੋਂ ਤੱਕ ਹੱਥ ਪਹੁੰਚ ਸਕਦਾ ਉਥੋਂ ਤੱਕ ਫੇਰਦੇ।

ਹਜ਼ੂਰ ਅਨਵਰ ਨੇ ਫ਼ਰਮਾਇਆ: ਕੁੱਝ ਲੋਕ ਲਿਖਦੇ ਹਨ ਕਿ ਕੋਈ ਛੋਟੀ ਜਿਹੀ ਦੁਆ ਦੱਸ ਦਿਓ, ਕੋਈ ਜ਼ਿਕਰ ਦੱਸ ਦਿਓ, ਜਿਹੜਾ ਅਸੀਂ ਕਰਦੇ ਰਹੀਏ ਤਾਂ ਜੋ ਸਾਡੇ ਅੰਦਰ ਨੇਕੀਆਂ ਪੈਦਾ ਹੋ ਜਾਣ, ਸਾਡੇ ਗੁਨਾਹ ਵੀ ਮਿੱਟ ਜਾਣ, ਸਾਡੇ ਕੰਮ ਵੀ ਹੋ ਜਾਣ ਅਤੇ ਅੱਲਾਹ ਤਆਲਾ ਦੀ ਨੇੜਤਾ ਵੀ ਹਾਸਿਲ ਹੋ ਜਾਵੇ। ਪਹਿਲੀ ਗੱਲ ਤਾਂ ਇਬਾਦਤ ਹੈ ਯਾਨੀ ਨਮਾਜ਼ਾਂ, ਜਿਹੜੀਆਂ ਫ਼ਰਜ਼ ਹਨ। ਉਸਦੇ ਬਾਅਦ ਜ਼ਿਕਰਿ ਇਲਾਹੀ। ਜ਼ਿਕਰ ਇਨਸਾਨ ਨੂੰ ਹੋਰ ਨੇਕੀਆਂ ਦੇ ਵੱਲ ਤਵੱਜੋ ਦਵਾਉਂਦਾ ਹੈ। ਇਸ ਦੇ ਨਾਲ਼ ਦੂਸਰੇ ਅਖ਼ਲਾਕ਼ ਅਤੇ ਅਮਲ (ਕਰਮ) ਵੀ ਕਰਨਾ ਜ਼ਰੂਰੀ ਹੈ।

ਇੱਕ ਰਿਵਾਇਤ ਵਿੱਚ ਆਉਂਦਾ ਹੈ ਕਿ ਆਪ ﷺ ਜੁੱਤੀਆਂ ਸਮੇਤ ਵੀ ਨਮਾਜ਼ ਪੜ੍ਹ ਲਿਆ ਕਰਦੇ ਸਨ ਯਾਨੀ ਜਿੱਥੇ ਆਸਾਨੀ ਦੀ ਜ਼ਰੂਰਤ ਹੋਵੇ ਉਸਨੂੰ ਇਖ਼ਤਿਆਰ ਕਰ ਲਿਆ ਕਰਦੇ ਸਨ। ਬਸ ਜੇਕਰ ਜੁੱਤੀ ਪਾਕ ਹੋਵੇ ਅਤੇ ਕਿਸੇ ਅਜਿਹੀ ਜਗ੍ਹਾ ਜਿੱਥੇ ਗੰਦ ਲੱਗਣ ਦਾ ਖ਼ਤਰਾ ਹੋਵੇ ਜੁੱਤੀ ਪਹਿਨ ਕੇ ਵੀ ਨਮਾਜ਼ ਪੜ੍ਹੀ ਜਾ ਸਕਦੀ ਹੈ। ਆਪ ﷺ ਨੇ ਅਜਿਹਾ ਕਰਕੇ ਉੱਮਤਿ ਮੁਹੰਮਦਿੱਯਾ ‘ਤੇ ਇੱਕ ਬਹੁਤ ਵੱਡਾ ਅਹਿਸਾਨ ਕੀਤਾ ਕਿ ਉਨ੍ਹਾਂ ਨੂੰ ਆਇੰਦਾ ਦੇ ਲਈ ਤਕੱਲੁਫ਼ ਅਤੇ ਬਨਾਵਟ ਤੋਂ ਬਚਾ ਲਿਆ।

ਰਸੂਲੁੱਲਾਹ ﷺ ਬਾ-ਜਮਾਅਤ ਨਮਾਜ਼ ਦਾ ਇਸ ਕ਼ਦਰ ਖ਼ਿਆਲ ਰੱਖਦੇ ਸਨ ਕਿ ਇੱਕ ਵਾਰ ਆਪ ﷺ ਦੇ ਕੋਲ਼ ਇੱਕ ਅੰਨ੍ਹਾ ਆਇਆ ਅਤੇ ਉਸ ਨੇ ਅਰਜ਼ ਕੀਤਾ ਕਿ ਯਾ ਰਸੂਲੁੱਲਾਹ! ਮੇਰਾ ਮਕਾਨ ਮਸਜਿਦ ਤੋਂ ਬਹੁਤ ਦੂਰ ਹੈ ਅਤੇ ਕਿਉਂਕਿ ਮੈਨੂੰ ਮਸਜਿਦ ਪਹੁੰਚਣ ਵਿੱਚ ਸਖ਼ਤ ਦਿੱਕ਼ਤ ਪੇਸ਼ ਆਉਂਦੀ ਹੈ ਅਤੇ ਇਸ ਲਈ ਜੇਕਰ ਆਪ ﷺ

ਇਜਾਜ਼ਤ ਦਿਓ ਤਾਂ ਮੈਂ **ਮੀਂਹ** ਦੇ ਦਿਨਾਂ ਵਿੱਚ ਆਪਣੇ ਘਰ ਵਿੱਚ ਹੀ ਨਮਾਜ਼ ਅਦਾ ਕਰ ਲਵਾਂ। ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਫ਼ਰਮਾਇਆ ਕਿ ਠੀਕ ਹੈ, ਪੜ੍ਹ ਲਿਆ ਕਰੋ। ਉਹ ਉੱਥੋਂ ਚਲਿਆ ਗਿਆ। ਥੋੜ੍ਹੀ ਦੇਰ ਬਾਅਦ ਆਪ ﷺ ਨੇ ਸਹਾਬਾ ਨੂੰ ਫ਼ਰਮਾਇਆ ਕਿ ਉਸਨੂੰ ਵਾਪਿਸ ਬੁਲਾ ਕੇ ਲਿਆਓ। ਜਦ ਵਾਪਿਸ ਆਇਆ ਤਾਂ ਆਪ ﷺ ਨੇ ਫ਼ਰਮਾਇਆ ਕਿ ਕੀ ਤੇਰੇ ਘਰ ਵਿੱਚ ਅਜ਼ਾਨ ਦੀ ਆਵਾਜ਼ ਪਹੁੰਚ ਜਾਂਦੀ ਹੈ? ਉਸ ਨੇ ਅਰਜ਼ ਕੀਤਾ ਕਿ ਹਾਂ, ਯਾ ਰਸੂਲੁੱਲਾਹ! ਅਜ਼ਾਨ ਦੀ ਆਵਾਜ਼ ਤਾਂ ਪਹੁੰਚ ਜਾਂਦੀ ਹੈ। ਆਪ ﷺ ਨੇ ਫ਼ਰਮਾਇਆ ਕਿ ਜੇਕਰ ਅਜ਼ਾਨ ਦੀ ਆਵਾਜ਼ ਤੇਰੇ ਘਰ ਪਹੁੰਚ ਜਾਂਦੀ ਹੈ ਤਾਂ ਫਿਰ ਮਸਜਿਦ ਵਿੱਚ ਆਓ।

ਅੱਲਾਹ ਤਆਲਾ ਸਾਨੂੰ ਇਬਾਦਤ ਦੇ ਹੱਕ਼ ਅਦਾ ਕਰਨ ਦੀ **ਤੌਫ਼ੀਕ਼** ਦੇਵੇ, ਆਪ ﷺ ਦੇ ਉਸਵੇ ਨੂੰ ਇਖ਼ਤਿਆਰ ਕਰਨ ਦੀ **ਤੌਫ਼ੀਕ਼** ਦੇਵੇ।

أَلْحَمْدُ لِلّٰهِ نَحْمَدُهٗ وَنَسْتَعِيْنُهٗ وَنَسْتَغْفِرُهٗ وَنُؤْمِنُ بِهٖ وَ نَتَوَكَّلُ عَلَيْهِ وَنَعُوْذُ بِاللّٰهِ مِنْ شُرُوْرِ أَنْفُسِنَا وَمِنْ سَيِّاٰتِ أَعْمَالِنَا مَنْ يَّهْدِهِ اللّٰهُ فَلَا مُضِلَّ لَهٗ وَمَنْ يُّضْلِلْهُ فَلَا هَادِيَ لَهٗ ۞ وَنَشْهَدُ أَنْ لَّآ إِلٰهَ إِلَّا اللّٰهُ وَحْدَهٗ لَا شَرِيْكَ لَهٗ وَنَشْهَدُ أَنَّ مُحَمَّدًا عَبْدُهٗ وَ رَسُوْلُهٗ ۞ عِبَادَ اللّٰهِ رَحِمَكُمُ اللّٰهِ إِنَّ اللّٰهَ يَأْمُرُ بِالْعَدْلِ وَالْإِحْسَانِ وَ إِيْتَآءِ ذِي الْقُرْبٰى وَيَنْهٰى عَنِ الْفَحْشَآءِ وَالْمُنْكَرِ وَالْبَغْيِ ۚ يَعِظُكُمْ لَعَلَّكُمْ تَذَكَّرُوْنَ أُذْكُرُوا اللّٰهَ يَذْكُرْكُمْ وَادْعُوْهُ يَسْتَجِبْ لَكُمْ وَلَذِكْرُ اللّٰهِ أَكْبَرُ ۞